INDIA EXAM
JUNCTION

# PSSSB Jail Warder 2026 Punjabi Qualify

IndiaExamJunction.com

IndiaExamJunction.com
JOB ALERTS | PREVIOUS YEAR QUESTION PAPERS | TEST SERIES
+91 62398 22773 | Follow us on:

1. ਹੇਠ ਲਿਖਿਆਂ ਵਿੱਚੋਂ 'ਲੋਭ' ਸ਼ਬਦ ਦਾ ਸਮਾਨਾਰਥਕ ਸ਼ਬਦ ਹੈ :

(A) ਸਵੱਲਾ (B) ਕਾਇਆ (C) ਹਿਰਸ (D) ਮਖੱਟੂ

2. ਹੇਠ ਲਿਖਿਆਂ ਵਿੱਚੋਂ 'ਆਰੰਭ' ਸ਼ਬਦ ਦਾ ਸਮਾਨਾਰਥਕ ਸ਼ਬਦ ਕਿਹੜਾ ਹੈ ?

(A) ਸੱਖਣਾ (B) ਮੂਲ (C) ਢੋਅ (D) ਰੰਜ

3. ਹੇਠ ਲਿਖਿਆਂ ਵਿੱਚੋਂ ਕਿਹੜਾ ਸ਼ਬਦ 'ਇਕਰਾਰ' ਦਾ ਸਮਾਨਾਰਥਕ ਸ਼ਬਦ ਹੈ ?

(A) ਠਰ੍ਹੰਮਾ (B) ਸਬਰ (C) ਪ੍ਰਣ (D) ਸਰੂਰ

4. ਹੇਠ ਲਿਖਿਆਂ ਵਿੱਚੋਂ 'ਸਾਕਾਰ' ਦਾ ਵਿਰੋਧੀ-ਸ਼ਬਦ ਹੈ :

(A) ਆਕਾਰ (B) ਨਿਰਾਕਾਰ (C) ਬੇਜਾਰ (D) ਹਾਰ

5. 'Suspension' ਸ਼ਬਦ ਦਾ ਹੇਠ ਲਿਖਿਆਂ ਵਿੱਚੋਂ ਪੰਜਾਬੀ ਅਨੁਵਾਦ ਹੈ:

(A) ਮੁਅੱਤਲੀ (B) ਮਿਆਦ ਪੁੱਗਣੀ (C) ਰਾਖਵੀਂ (D) ਨਾਮਜ਼ਦ

6. 'Appendix' ਸ਼ਬਦ ਦਾ ਹੇਠ ਲਿਖਿਆਂ ਵਿੱਚੋਂ ਪੰਜਾਬੀ ਅਨੁਵਾਦ ਹੈ :

(A) ਬੀਚਕ (B) ਮਿਸਲ (C) ਅਨੁਲੱਗ (D) ਨਾਮਜ਼ਦ

7. 'Modification' ਸ਼ਬਦ ਦਾ ਹੇਠ ਲਿਖਿਆਂ ਵਿੱਚੋਂ ਪੰਜਾਬੀ ਅਨੁਵਾਦ ਹੈ:

(A) ਰੋਜ਼ਨਾਮਚਾ (B) ਤਰਮੀਮ (C) ਮਹਿੰਗਾਈ ਭੱਤਾ (D) ਅਗੇਤ

8. 'Notification' ਸ਼ਬਦ ਦਾ ਹੇਠ ਲਿਖਿਆ ਵਿੱਚੋਂ ਪੰਜਾਬੀ ਅਨੁਵਾਦ ਹੈ :

(A) ਮੁਲਾਂਕਣ (B) ਅੰਕੜੇ (C) ਅਨੁਦਾਨ (D) ਅਧਿਸੂਚਨਾ

9. ਪੰਜਾਬੀ ਭਾਸ਼ਾ ਵਿਚ ਅਰਧ ਸਵਰ ਕਿਹੜੇ ਹਨ ?

(A) ਰ, ਹ (B) ਕ, ਖ (C) ਯ, ਵ (D) ਲ, ੜ

10. ਗੁਰਮੁਖੀ ਲਿਪੀ ਵਿਚ ਕਿੰਨੇ ਸਵਰ ਵਾਹਕ ਹਨ ?

(A) ਤਿੰਨ (B) ਪੰਜ (C) ਅੱਠ (D) ਦਸ

11. ਹੇਠ ਲਿਖਿਆਂ ਵਿੱਚੋਂ ਮਲਵਈ ਸ਼ਬਦ ਕਿਹੜੇ ਸ਼ਬਦ ਤੋਂ ਬਣਿਆ ਹੈ ?

(A) ਮਾਲਯ (B) ਮਾਲ (C) ਮਾਲਵ (D) ਮੱਲ

12. ਪੁਆਧੀ ਉਪ-ਭਾਸ਼ਾ ਪੰਜਾਬ ਦੇ ਕਿਹੜੇ ਭਾਗ ਵਿਚ ਬੋਲੀ ਜਾਂਦੀ ਹੈ ?

(A) ਪੂਰਬੀ ਭਾਗ (B) ਪੱਛਮੀ ਭਾਗ (C) ਕੇਂਦਰੀ ਭਾਗ (D) ਦੱਖਣੀ ਭਾਗ

13. 'ਉਜਾੜੂ' ਸ਼ਬਦ ਵਿਚ ਪਿਛੇਤਰ ਹੈ:

(A) ਉ (B) ਜਾੜੂ (C) ੜੂ (D) ਜਾੜ

14. ਹੇਠ ਲਿਖਿਆਂ ਵਿੱਚੋਂ ਕਿਹੜੇ ਸ਼ਬਦ ਵਿਚ 'ਨੀ' ਪਿਛੇਤਰ ਦੀ ਵਰਤੋਂ ਕੀਤੀ ਗਈ ਹੈ ?

(A) ਭਵਾਨੀ (B) ਜਾਦੂਗਰਨੀ (C) ਜਨਾਨੀ (D) ਕਿਸਾਨੀ

15. ਗੁਰੂ ਅੰਗਦ ਦੇਵ ਜੀ ਦਾ ਪਹਿਲਾ ਨਾਮ ਕੀ ਸੀ ?

(A) ਭਾਈ ਜੇਠਾ (B) ਭਾਈ ਲਹਿਣਾ (C) ਭਾਈ ਮੋਹਨ (D) ਭਾਈ ਭੱਲਾ

16. ਹੇਠ ਲਿਖਿਆ ਵਿੱਚੋਂ ਕਿਹੜੀ ਬਾਣੀ ਗੁਰੂ ਨਾਨਕ ਦੇਵ ਜੀ ਦੁਆਰਾ ਨਹੀਂ ਰਚੀ ਗਈ ?

(A) ਸਿਧ ਗੋਸਟਿ (B) ਬਾਰਹ ਮਾਹਾ ਤੁਖਾਰੀ (C) ਮਲਾਰ ਦੀ ਵਾਰ (D) ਅਕਾਲ ਉਸਤਤਿ

17. ਪੰਜਾਬ ਦੇ ਪ੍ਰਾਚੀਨ ਇਤਿਹਾਸ ਵਿਚ ਪੰਜਾਬ ਲਈ ਯੂਨਾਨੀ ਭਾਸ਼ਾ ਵਿਚ ਕਿਸ ਨਾਂ ਦੀ ਵਰਤੋਂ ਹੋਈ ਹੈ ?

(A) ਸਪਤ ਸਿੰਧੂ (B) ਪੈਂਟਾਪੋਟਾਮਿਆ (C) ਬ੍ਰਹਮ ਵਰਤ (D) ਸੇਕੀਆ

18. ਗੁਰੂ ਰਾਮਦਾਸ ਜੀ ਨੇ ਕਿੰਨੀਆਂ ਵਾਰਾਂ ਦੀ ਰਚਨਾ ਕੀਤੀ ?

(A) ਤਿੰਨ (B) ਪੰਜ (C) ਅੱਠ (D) ਦਸ

19. ਸ੍ਰੀ ਗੁਰੂ ਗ੍ਰੰਥ ਸਾਹਿਬ" ਵਿਚ ਗੁਰੂ ਤੇਗ਼ ਬਹਾਦਰ ਜੀ ਕਿੰਨੀ ਬਾਣੀ ਦਰਜ ਹੈ ?

(A) 57 ਸ਼ਬਦ ਅਤੇ 59 ਸਲੋਕ (B) 59 ਸ਼ਬਦ ਅਤੇ 57 ਸਲੋਕ

(C) 56 ਸ਼ਬਦ ਅਤੇ 58 ਸਲੋਕ (D) 55 ਸ਼ਬਦ ਅਤੇ 54 ਸਲੋਕ

20. ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਬਾਣੀ "ਸੁਖਮਨੀ ਸਾਹਿਬ" ਕਿਹੜੇ ਰਾਗ ਵਿਚ ਹੈ ?

(A) ਆਸਾ (B) ਸੋਰਠ (C) ਮਾਝ (D) ਗਉੜੀ

21. ਹੇਠ ਲਿਖਿਆਂ ਵਿੱਚੋਂ ਕਿਹੜੀ ਲੜਾਈ ਦਾ ਸਬੰਧ ਅੰਗਰੇਜ਼ਾਂ ਅਤੇ ਸਿੱਖਾਂ ਦੇ ਯੁੱਧ ਨਾਲ ਨਹੀਂ ਹੈ ?

(A) ਮੁਦਕੀ ਦੀ ਲੜਾਈ (B) ਸਭਰਾਓਂ ਦੀ ਲੜਾਈ

(C) ਬੱਦੋਵਾਲ ਦੀ ਲੜਾਈ (D) ਭੰਗਾਣੀ ਦੀ ਲੜਾਈ

22. "ਜਾਪੁ ਸਾਹਿਬ" ਕਿਸ ਦੀ ਰਚਨਾ ਹੈ ?

(A) ਗੁਰੂ ਨਾਨਕ ਦੇਵ ਜੀ (B) ਗੁਰੂ ਅੰਗਦ ਦੇਵ ਜੀ

(C) ਗੁਰੂ ਅਰਜਨ ਦੇਵ ਜੀ (D) ਗੁਰੂ ਗੋਬਿੰਦ ਸਿੰਘ ਜੀ

IndiaExamJunction.com
JOB ALERTS | PREVIOUS YEAR QUESTION PAPERS | TEST SERIES
+91 62398 22773 | Follow us on:

23. "ਕਮਰੇ ਦੀ ਚਾਬੀ ਲੱਭੋ।"
ਉਪਰੋਕਤ ਵਾਕ ਦੀ ਵਚਨ-ਬਦਲੀ ਦੇ ਪੱਖ ਤੋਂ ਹੇਠ ਲਿਖਿਆਂ ਵਿੱਚੋਂ ਠੀਕ ਵਾਕ ਚੁਣੋ:
(A) ਕਮਰੇ ਦੀਆਂ ਚਾਬੀਆਂ ਲੱਭੋ।
(B) ਕਮਰਿਆਂ ਦੀਆਂ ਚਾਬੀਆਂ ਲੱਭੋ ।
(C) ਕਮਰਿਆਂ ਦੀਆਂ ਚਾਬੀ ਲੱਭੋ ।
(D) ਕਮਰੇ ਦੀ ਚਾਬੀਆਂ ਲੱਭੋ।

24. ਹੇਠ ਲਿਖਿਆਂ ਵਿੱਚੋਂ ਮਾਘੀ ਦਾ ਮੇਲਾ ਕਿੱਥੋਂ ਦਾ ਮਸ਼ਹੂਰ ਹੈ ?
(A) ਮੁਕਤਸਰ
(B) ਫ਼ਰੀਦਕੋਟ
(C) ਅੰਮ੍ਰਿਤਸਰ
(D) ਮੋਗਾ

25. ਪਾਕਿਸਤਾਨ ਦੇ ਜਿਹਲਮ ਇਲਾਕੇ ਵਿਚ ਕਿਹੜੀ ਉਪਭਾਸ਼ਾ ਬੋਲੀ ਜਾਂਦੀ ਹੈ?
(A) ਮੁਲਤਾਨੀ
(B) ਪੋਠੋਹਾਰੀ
(C) ਮਾਝੀ
(D) ਡੋਗਰੀ

26. ਡੋਗਰੀ ਦਾ ਮੁੱਖ ਕੇਂਦਰ ਕਿਹੜਾ ਹੈ ?
(A) ਰੂਪਨਗਰ
(B) ਲਾਹੌਰ
(C) ਜੰਮੂ
(D) ਝੰਗ

27. "ਤੁਸੀਂ ਆਪ ਸ਼ਹਿਰ ਜਾਣਾ ਸੀ" ਇਸ ਵਾਕ ਵਿਚ **'ਆਪ'** ਸ਼ਬਦ ਪੜਨਾਂਵ ਦੀ ਕਿਹੜੀ ਕਿਸਮ ਨਾਲ ਸੰਬੰਧਿਤ ਹੈ ?
(A) ਸੰਬੰਧਵਾਚਕ ਪੜਨਾਂਵ
(B) ਅਨਿਸ਼ਚੇਵਾਚਕ ਪੜਨਾਂਵ
(C) ਨਿਸ਼ਚੇਵਾਚਕ ਪੜਨਾਂਵ
(D) ਨਿੱਜਵਾਚਕ ਪੜਨਾਂਵ

28. "ਕਈ ਪੜ੍ਹਾਈ ਵਿਚ ਵੀ ਓਨੀ ਹੀ ਦਿਲਚਸਪੀ ਰੱਖਦੇ ਹਨ, ਜਿੰਨੀ ਖੇਡਾਂ ਵਿਚ" ਇਸ ਵਾਕ ਵਿਚ 'ਕਈ' ਸ਼ਬਦ ਕਿਹੜੀ ਸ਼੍ਰੇਣੀ ਨਾਲ ਸੰਬੰਧਿਤ ਹੈ ?
(A) ਪੜਨਾਂਵ
(B) ਕਿਰਿਆ
(C) ਵਿਸ਼ੇਸ਼ਣ
(D) ਯੋਜਕ

29. ਕਿਰਿਆ ਦੇ ਜਿਸ ਰੂਪ ਤੋਂ ਇਹ ਪਤਾ ਲੱਗੇ ਕਿ ਉਸ ਨੂੰ ਕਰਨ ਵਾਲਾ ਕਰਤਾ ਆਪ ਨਹੀਂ ਸਗੋਂ ਕਿਰਿਆ ਕਿਸੇ ਹੋਰ ਤੋਂ ਕਰਵਾਈ ਜਾਂਦੀ ਹੈ। ਉਸ ਨੂੰ ਕੀ ਕਿਹਾ ਜਾਂਦਾ ਹੈ ?
(A) ਸੰਸਰਗੀ ਕਿਰਿਆ
(B) ਅਕਰਮਕ ਕਿਰਿਆ
(C) ਪੂਰਨ ਸਕਰਮਕ ਕਿਰਿਆ
(D) ਪ੍ਰੇਰਨਾਰਥਕ ਕਿਰਿਆ

30. ਹੇਠ ਲਿਖਿਆਂ ਵਿੱਚੋਂ ਨਿਰਨਾ ਵਾਚਕ ਕਿਰਿਆ ਵਿਸ਼ੇਸ਼ਣ ਚੁਣੋ :
(A) ਘੜੀ ਮੁੜੀ
(B) ਬਹੁਤਾ
(C) ਜੀ ਹਾਂ
(D) ਪੂਰਾ

31. "ਰਾਹ ਪਿਆ ਜਾਣੀਏ ਜਾਂ ਵਾਹ ਪਿਆ ਜਾਣੀਏ।" ਇਸ ਵਾਕ ਵਿਚ 'ਜਾਂ' ਕਿਹੜੀ ਸ਼੍ਰੇਣੀ ਦਾ ਯੋਜਕ ਹੈ ?
(A) ਅਧੀਨ ਯੋਜਕ
(B) ਸਮਾਨ ਯੋਜਕ
(C) ਸੰਜੁਗਤ ਯੋਜਕ
(D) ਸਹਿ-ਸੰਬੰਧਕੀ ਯੋਜਕ

32. ਜਿਨ੍ਹਾਂ ਸਬੰਧਕਾਂ ਦਾ ਰੂਪ ਸਥਿਰ ਰਹਿੰਦਾ ਹੈ, ਉਹਨਾਂ ਨੂੰ ਕੀ ਕਿਹਾ ਜਾਂਦਾ ਹੈ ?

(A) ਵਿਕਾਰੀ ਸਬੰਧਕ (B) ਅਵਿਕਾਰੀ ਸਬੰਧਕ (C) ਕਾਰਕੀ ਸਬੰਧਕ (D) ਵਿਭਕਤੀ ਸਬੰਧਕ

33. "ਇਹ ਮੇਰਾ ਕਮਰਾ ਹੈ।" ਇਸ ਵਾਕ ਵਿੱਚੋਂ ਨਿਸ਼ਚੇਵਾਚਕ ਵਿਸ਼ੇਸ਼ਣ ਚੁਣੋ :

(A) ਇਹ (B) ਮੇਰਾ (C) ਕਮਰਾ (D) ਹੈ

34. ਵਿਸਮਿਕ ਦੀਆਂ ਕਿੰਨੀਆਂ ਕਿਸਮਾਂ ਹੁੰਦੀਆਂ ਹਨ ?

(A) ਚਾਰ (B) ਛੇ (C) ਸੱਤ (D) ਨੌ

35. "ਕੰਡ ਲਾਉਣਾ" ਮੁਹਾਵਰੇ ਦਾ ਅਰਥ ਹੈ :

(A) ਦੌੜ ਜਾਣਾ (B) ਲੁੱਟੇ ਜਾਣਾ (C) ਹਰਾ ਦੇਣਾ (D) ਵਿਕ ਜਾਣਾ

36. ਹੇਠ ਲਿਖਿਆਂ ਵਿੱਚੋਂ ਭਾਵਵਾਚਕ ਨਾਂਵ ਚੁਣੋ :

(A) ਸੱਚ (B) ਜੱਥਾ (C) ਕਿਤਾਬ (D) ਤੇਲ

37. ਪੁਰਖਵਾਚਕ ਪੜਨਾਂਵ ਕਿੰਨੀ ਤਰ੍ਹਾਂ ਦਾ ਹੁੰਦਾ ਹੈ ?

(A) ਦੋ (B) ਤਿੰਨ (C) ਚਾਰ (D) ਪੰਜ

38. "ਠੂਹ ਮਾਸੀ..." ਖ਼ਾਲੀ ਸਥਾਨ ਭਰ ਕੇ ਅਖਾਣ ਪੂਰਾ ਕਰੋ:

(A) ਮਰ ਗਈ (B) ਸਲਾਮ (C) ਆਦਾਬ (D) ਰੇਸ਼ਮ ਦਾ ਬਖ਼ੀਆ

39. ਪੂਰਨ-ਵਿਸਰਾਮ ਤੋਂ ਅੱਧੇ ਠਹਿਰਾਅ ਲਈ ਹੇਠ ਲਿਖਿਆਂ ਵਿੱਚੋਂ ਕਿਹੜਾ ਵਿਸਰਾਮ-ਚਿੰਨ੍ਹ ਵਰਤਿਆ ਜਾਂਦਾ ਹੈ ?

(A) ਬਿੰਦੀ-ਕਾਮਾ (B) ਕਾਮਾ (C) ਪੁੱਠੇ ਕਾਮੇ (D) ਛੁੱਟ ਮਰੋੜੀ

40. "ਖ਼ਿਤਾਬਾਂ ਅਤੇ ਡਿਗਰੀਆਂ ਆਦਿ ਦੇ ਨਾਂ ਸੰਖੇਪ ਵਿੱਚ ਲਿਖਣ ਲਈ ਹੇਠ ਲਿਖਿਆਂ ਵਿੱਚੋਂ ਕਿਹੜਾ ਵਿਸਰਾਮ-ਚਿੰਨ੍ਹ ਵਰਤਿਆ ਜਾਂਦਾ ਹੈ ?

(A) ਜੋੜਨੀ (B) ਛੁੱਟ ਮਰੋੜੀ (C) ਕਾਮਾ (D) ਬਿੰਦੀ

41. ਹੇਠ ਲਿਖਿਆਂ ਵਿੱਚੋਂ ਕਿਹੜੇ ਵਿਸਰਾਮ-ਚਿੰਨ੍ਹ ਨੂੰ ਪੂਰਨ ਵਿਸਰਾਮ-ਚਿੰਨ੍ਹ ਵੀ ਕਿਹਾ ਜਾਂਦਾ ਹੈ ?

(A) ਬਿੰਦੀ ਕਾਮਾ (B) ਡੰਡੀ (C) ਜੋੜਨੀ (D) ਬਿੰਦੀ

42. ਕਿਸੇ ਸ਼ਬਦ, ਵਾਕਾਂਸ਼ ਜਾਂ ਉਪਵਾਕ ਦੀ ਵਿਆਖਿਆ ਜਾਂ ਵੇਰਵੇ ਤੋਂ ਪਹਿਲਾਂ ਕਿਹੜਾ ਵਿਸਰਾਮ ਚਿੰਨ੍ਹ ਲਗਾਇਆ ਜਾਂਦਾ ਹੈ ?

(A) ਛੁੱਟ ਮਰੋੜੀ (B) ਦੁਬਿੰਦੀ (C) ਜੋੜਨੀ (D) ਬਿੰਦੀ ਕਾਮਾ

43. ਹੇਠ ਲਿਖਿਆਂ ਵਿੱਚੋਂ ਕਿਹੜਾ ਸ਼ਬਦ-ਜੋੜ ਠੀਕ ਹੈ ?

(A) ਦੁਪਿਹਰ (B) ਕਚਿਹਰੀ (C) ਗੁਆਂਢੀ (D) ਜ਼ਹਾਜ

44. ਹੇਠ ਲਿਖਿਆਂ ਵਿੱਚੋਂ ਕਿਹੜਾ ਸ਼ਬਦ-ਜੋੜ ਠੀਕ ਨਹੀਂ ਹੈ ?

(A) ਮਧਾਣੀ (B) ਯੋਦਾ (C) ਮੂਧਾ (D) ਗੰਢ

45. ਹੇਠ ਲਿਖਿਆਂ ਵਿੱਚੋਂ ਕਿਹੜਾ ਵਾਕ ਸ਼ਬਦ-ਜੋੜਾਂ ਦੇ ਪੱਖ ਤੋਂ ਠੀਕ ਹੈ?

(A) ਮੈਂ ਸਵਰੈ ਜਲੰਧਰ ਜਾਣਾ ਹੈ। (B) ਮੈਂ ਸਵੇਰੇ ਜਲੰਦਰ ਜਾਣਾ ਹੈ।

(C) ਮੈਂ ਸ਼ਵੇਰੇ ਜਲੰਧਰ ਜਾਨਾ ਹੈ (D) ਮੈਂ ਸਵੇਰੇ ਜਲੰਧਰ ਜਾਣਾ ਹੈ।

46. 'ਕੁਕਰਮ' ਸ਼ਬਦ ਵਿਚ ਅਗੇਤਰ ਹੈ

(A) ਕੁਕ (B) ਕੁ (C) ਕੁਕਰ (D) ਮ

47. 'ਬਾਕਮਾਲ' ਸ਼ਬਦ ਵਿਚ ਅਗੇਤਰ ਹੈ:

(A) ਬਾ (B) ਬਾਕ (C) ਬਾਕਮ (D) ਬਾਕਮਾ

48. 'ਸੁਣਾਈ' ਸ਼ਬਦ ਵਿਚ ਪਿਛੇਤਰ ਹੈ :

(A) ਈ (B) ਆਈ (C) ਣਾਈ (D) ਤਿੰਨਾਂ ਵਿੱਚੋਂ ਕੋਈ ਨਹੀਂ

49. "ਠੁੱਠ ਵਿਖਾਉਣਾ" ਮੁਹਾਵਰੇ ਦਾ ਅਰਥ ਹੈ :

(A) ਸੁੱਖ ਮਾਣਨਾ (B) ਮੂੰਹ-ਫੱਟ ਹੋਣਾ (C) ਚੌਕਸ ਕਰਨਾ (D) ਨਾਂਹ ਕਰਨੀ

50. "ਸਹੇ ਦੀ ਨਹੀਂ..." ਖ਼ਾਲੀ ਸਥਾਨ ਭਰ ਕੇ ਅਖਾਣ ਪੂਰਾ ਕਰੋ :

(A) ਗਏ ਦੀ ਪਈ ਏ (B) ਮਰੇ ਦੀ ਪਈ ਏ (C) ਪਹੇ ਦੀ ਪਈ ਏ (D) ਰਲੇ ਦੀ ਪਈ ਏ

IndiaExamJunction.com
JOB ALERTS | PREVIOUS YEAR QUESTION PAPERS | TEST SERIES
+91 62398 22773 | Follow us on:

# Punjab Previous Year Online MCQs

**Punjab State GK Online MCQs – Click Here**

**Computer Online MCQs – Click Here**

**General Knowledge Online MCQs – Click Here**

**Reasoning Online MCQs – Click Here**

**English Online MCQs – Click Here**

**Mathematics Online MCQs – Click Here**

**ਪੰਜਾਬੀ Qualify Test Online MCQs – Click Here**

**ਪੰਜਾਬੀ Basic Online MCQs – Click Here**

**PPSC PYQs Online MCQs – Click Here**

UPSC PYQs Online MCQs – Click Here